This question paper contains 2 printed pages]

Your Roll No. ..........................

7022

**Concurrent Course for Hons. Prog. E**

(Qualifying Course)

PUNJABI LANGUAGE (Higher)

*Time : 2 Hours* *Maximum Marks : 50*

*(Write your Roll No. on the top immediately on receipt of this question paper.)*

**Note :** The maximum marks printed on the question paper are applicable for the students of the SOL (Cat. 'B'). These marks will, however, be scaled down proportionately in respect of the students of regular colleges at the time of posting of awards for compilation of result.

ਨੋਟ: ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

1 ਹਰਸ਼ਰਨ ਸਿੰਘ ਰਚਿਤ 'ਹੀਰ ਰਾਝਾਂ' ਦਾ ਆਲੋਚਨਾਤਮਕ ਅਧਿਐਨ ਕਰੋ । 15

ਜਾਂ

ਹਰਸ਼ਰਨ ਸਿੰਘ ਦੇ ਨਾਟਕ 'ਹੀਰ ਰਾਝਾਂ' ਵਿਚਲੇ ਪ੍ਰਮੁੱਖ ਪਾਤਰ 'ਹੀਰ' ਤੇ 'ਰਾਝਾਂ' ਦਾ ਚਰਿੱਤਰ ਚਿਤਰਣ ਕਰੋ।

2 ਸਮਾਚਾਰ ਦੇ ਪ੍ਰਕਾਰ ਤੇ ਤੱਤਾਂ ਨੂੰ ਆਪਣੇ ਸ਼ਬਦਾਂ ਵਿਚ ਲਿਖੋ। 10

ਜਾਂ

ਹੇਠ ਲਿਖੇ ਪੈਰ੍ਹੇ ਨੂੰ ਸੰਖੇਪ ਕਰੋ ਤੇ ਢੁਕਵਾਂ ਸਿਰਲੇਖ ਵੀ ਲਿਖੋ:

ਸਾਡੇ ਜੀਵਨ ਵਿਚ ਕਿਸੇ ਵੀ ਕਾਰਜ ਲਈ ਸਮਾਂ ਨਿਸ਼ਚਿਤ ਨਹੀਂ, ਨਾ ਕੰਮ ਦਾ, ਨਾ ਭੋਜਨ ਦਾ, ਨਾ ਅਰਾਮ ਦਾ, ਨਾ ਕਮਾਉਣ-ਖਰਚਣ ਅਤੇ ਨਾ ਹੀ ਵਰਤ ਵਰਤਾਉਣ ਦਾ। ਜੀਵਨ ਨੂੰ ਨੇਮਬੱਧ ਕਰਨ ਪਿੱਛੇ ਉਦੇਸ਼ ਅਰਾਮ ਨੂੰ ਨੇਮਬੱਧ ਕਰਨਾ ਹੁੰਦਾ ਹੈ। ਅਰਾਮ ਨਾਲ ਉਪਜੀ ਨਰੋਈ ਸੋਚ ਨਾਲ ਹੀ ਅਸੀਂ ਸਮਾਜ ਬਾਰੇ ਸੋਚ ਸਕਾਂਗੇ ਨਹੀਂ ਤਾਂ ਘਰ ਤਾਂ ਸਾਰੇ ਚੰਗੇ ਪਾ ਲੈਣਗੇ ਪਰ ਗਲੀ-ਮੁਹੱਲੇ ਨੂੰ ਸੰਵਾਰਨ ਬਾਰੇ ਕੋਈ ਨਹੀਂ ਸੋਚੇਗਾ। ਖੁਸ਼ਹਾਲ ਦੇਸ਼ਾਂ ਵਿਚ ਐਤਵਾਰ ਰਲ ਕੇ ਭੋਜਨ ਖਾਣ, ਖੇਡਾਂ ਖੇਡਣ ਅਤੇ ਮਨ ਪਰਚਾਵੇ ਵਾਲੀਆਂ ਖੁੱਲੀਆਂ ਥਾਵਾਂ'ਤੇ ਜਾਣ ਲਈ ਵਰਤਿਆ ਜਾਂਦਾ ਹੈ। ਉੱਥੇ ਜੇ ਕੋਈ ਤਿਉਹਾਰ ਬੁਧ ਜਾਂ ਵੀਰ ਵਾਲੇ ਦਿਨ ਆਉਂਦਾ ਹੈ ਤਾਂ ਸਾਰੇ ਦੇਸ਼ ਦੀ ਸਹਿਮਤੀ ਨਾਲ ਉਸਨੂੰ ਸ਼ੁਕਰਵਾਰ ਨੂੰ ਮਨਾਇਆ ਜਾਂਦਾ ਹੈ ਤਾਂ ਜੋ ਸ਼ੁਕਰ, ਸ਼ਨਿਚਰ ਅਤੇ ਐਤਵਾਰ ਦੀ ਲੰਮੀ ਛੁੱਟੀ ਮਾਣੀ ਜਾ ਸਕੇ। ਜਦੋਂ ਸਾਡੀ ਸੋਚ ਤਰਕਸੰਗਤ ਹੋ ਜਾਵੇਗੀ ਤਾਂ ਅਸੀਂ ਵੀ ਆਪਣੇ ਤਿਉਹਾਰਾਂ ਨੂੰ ਨਵੇਂ ਢੰਗ ਨਾਲ ਵਿਉਂਤਬੱਧ ਕਰ ਲਵਾਂਗੇ। ਪ੍ਰਸ਼ਨ ਇਹ ਹੈ ਕਿ ਤਕਰਸੰਗਤ ਢੰਗ ਨਾਲ ਕਦੋਂ ਸੋਚਣਾ ਅਰੰਭ ਕਰਾਂਗੇ?

3 ਪੰਜਾਬੀ ਦੇ ਟੀ.ਵੀ. ਚੈਨਲਾਂ ਦੀ ਵਿਭਿੰਨਤਾ ਬਾਰੇ ਵਿਸਤਾਰ'ਚ ਲਿਖੋ। 8

ਜਾਂ

"ਕਿ ਟੈਲੀਵਿਜਨ ਆਪਣੀ ਅਕਾਦਮਿਕ ਜਿੰਮੇਵਾਰੀ ਨਿਭਾਉਣ ਵਿਚ ਸਫ਼ਲ ਰਿਹਾ ਹੈ।" ਵਿਚਾਰ ਕਰੋ।

4 ਸੰਚਾਰ ਕੀ ਹੈ, ਇਸਦੇ ਪ੍ਰਕਾਰਜ ਤੇ ਕਿਸਮਾਂ ਬਾਰੇ ਲਿਖੋ। 7

ਜਾਂ

ਸੰਚਾਰ ਦੇ ਕਿਸੇ ਦੋ ਇਲੈਕਟ੍ਰਾਨਿਕ ਮਧਿਅਮ ਬਾਰੇ ਵਿਸਤ੍ਰਿਤ ਜਾਣਕਾਰੀ ਦਿਓ।

5 ਬਣਤਰ ਅਨੁਸਾਰ ਵਾਕ ਦੀਆਂ ਕਿੰਨੀਆਂ ਕ੍ਰਿਸਮਾਂ ਹਨ, ਉਦਾਹਰਣਾ ਦੇ ਕੇ ਵਿਸਤਾਰ ਸਹਿਤ ਦਸੋ। 10